

# ਕਾਰਬਾਪੇਨੇਮੇਸ ਬਨਾਉਣ ਵਾਲੇ ਕੀਟਾਣੂ (Carbapenemase Producing Organisms) (CPO): ਹੇਮੋਡਾਇਲਿਸਸ ਵਾਲੇ ਮਰੀਜ਼ਾਂ ਤੇ ਉਹਨਾਂ ਦੇ ਪਰਿਵਾਰਾਂ ਲਈ ਜਾਣਕਾਰੀ

BCRenal
Provincial Health Services Authority



**ਕਾਰਬਾਪੇਨੇਮੇਸ ਬਨਾਉਣ ਵਾਲੇ ਕੀਟਾਣੂ (ਸੀਪੀਓ) ਕੀ ਹਨ?**
ਸੀਪੀਓ ਉਹ ਬੈਕਟੀਰੀਆ ਹਨ ਜੋ ਪੇਟ ਵਿਚ ਹੋ ਸਕਦੇ ਹਨ ਤੇ ਜਿਹਨਾਂ ਉਪਰ ਖਾਸ ਕਿਸਮ ਦੀਆਂ ਐਂਟੀਬਾਇਓਟਿਕ ਦਵਾਈਆਂ ਦਾ ਅਸਰ ਨਹੀਂ ਹੁੰਦਾ।



**ਸੀਪੀਓ ਚਿੰਤਾ ਦਾ ਵਿਸ਼ਾ ਕਿਓਂ ਹਨ?**
ਜਿਹਨਾਂ ਲੋਕਾਂ ਨੂੰ ਸੀਪੀਓ ਇਨਫੈਕਸ਼ਨ ਹੁੰਦੀ ਹੈ ਅਕਸਰ ਉਹ ਹੋਰ ਕਾਰਨਾਂ ਕਰਕੇ ਪਹਿਲਾਂ ਹੀ ਬੀਮਾਰ ਹੁੰਦੇ ਹਨ। ਜੇ ਸੀਪੀਓ ਬੈਕਟੀਰੀਆ ਪੇਟ ਤੋਂ ਅਗੇ ਸਰੀਰ ਦੇ ਹੋਰ ਹਿਸਿਆਂ ਵਿਚ ਚਲਾ ਜਾਵੇ ਤਾਂ ਇਸਦਾ ਇਲਾਜ ਬਹੁਤ ਮੁਸ਼ਕਿਲ ਹੋ ਜਾਂਦਾ ਹੈ ਕਿਓਂਕਿ ਬਹੁਤੀਆਂ ਐਂਟੀਬਾਇਓਟਿਕ ਕੰਮ ਨਹੀਂ ਕਰਦੀਆਂ।ਸਿਹਤਮੰਦ ਲੋਕਾਂ ਵਿਚ ਸੀਪੀਓ ਇਨਫੈਕਸ਼ਨ ਨਹੀਂ ਹੁੰਦੀ




ਸੀਪੀਓ ਕਈ ਦੇਸ਼ਾਂ ਵਿਚ ਪਾਏ ਜਾਂਦੇ ਹਨ, ਖਾਸ ਕਰਕੇ ਹਸਪਤਾਲਾਂ ਵਿਚ। ਕੈਨੇਡਾ ਵਿਚ ਕਈ ਹਸਪਤਾਲ ਤੇ ਡਾਇਲਿਸਸ ਕੇਂਦਰ, ਖਾਸ ਤੌਰ ਤੇ ਜਿਥੇ ਦੂਜੇ ਦੇਸ਼ਾਂ ਵਿਚ ਸਫਰ ਕਰਨ ਵਾਲੇ ਜ਼ਿਆਦਾ ਹਨ, ਵਿਚ ਵੀ ਸੀਪੀਓ ਹੋ ਸਕਦਾ ਹੈ।ਮਰੀਜ਼ ਜਿਹੜੇ ਕਿਸੇ ਹੋਰ ਦੇਸ਼ ਦੇ ਹਸਪਤਾਲ ਵਿਚ ਰਹੇ ਜਾਂ ਜਿਹਨਾਂ ਦਾ ਡਾਇਲਿਸਸ ਉਥੇ ਹੋਇਆ ਜਾਂ ਕੈਨੇਡੀਅਨ ਹਸਪਤਾਲ ਜਾਂ ਡਾਇ-ਲਿਸਸ ਕੇਂਦਰ ਜਿਥੇ ਸੀਪੀਓ ਹੋਣ ਬਾਰੇ ਪਤਾ ਹੈ, ਨੂੰ ਸੀਪੀਓ ਬੈਕਟੀਰੀਆ ਹੋਣ ਦਾ ਵਧੇਰੇ ਖਤਰਾ ਹੈ।




ਇਹ ਬੈਕਟੀਰੀਆ ਹੋਰ ਲੋਕਾਂ ਵਿਚ ਫੈਲਣ ਤੋਂ ਰੋਕਣ ਲਈ ਬੀ ਸੀ ਵਿਚ ਡਾਇਲਿਸਸ ਕੇਂਦਰ ਨਿਯਮਿਤ ਤੌਰ ਤੇ ਨਿਰੀਖਣ ਕਰਦੇ ਹਨ:

- ਸਾਰੇ ਮਰੀਜ਼ ਜਿਹਨਾਂ ਨੇ ਕੈਨੇਡਾ ਤੋਂ ਬਾਹਰ ਸਫਰ ਕੀਤਾ।
- ਸਾਰੇ ਮਰੀਜ਼ ਜਿਹਨਾਂ ਨੇ ਕੈਨੇਡਾ ਵਿਚ ਸੀਪੀਓ ਬੈਕਟੀਰੀਆ ਵਾਲੇ ਡਾਇਲਿਸਸ ਕੇਂਦਰ ਜਾਂ ਹਸਪਤਾਲ ਵਿਚ ਇਲਾਜ ਕਰਵਾਇਆ ਜਾਂ ਦਾਖਲ ਹੋਏ।




**ਸੀਪੀਓ ਦਾ ਟੈਸਟ ਕਿਵੇਂ ਹੁੰਦਾ ਹੈ?**
ਕਿਓਂਕਿ ਸੀਪੀਓ ਤੁਹਾਡੇ ਪੇਟ ਵਿਚ ਹੁੰਦਾ ਹੈ, ਇਕ ਫੰਬਾ ਤੁਹਾਡੀ ਗੁਦਾ( ਮਲ ਦਵਾਰ) ਵਿਚ ਥੋੜੀ ਦੇਰ ਲਈ ਰਖਿਆ ਜਾਂਦਾ ਹੈ।ਇਹ ਜਦੋਂ ਡਾਇਲਿਸਸ ਵਾਸਤੇ ਤੁਸੀਂ ਜਾਂਦੇ ਹੋ ਤਾਂ ਵਾਪਸੀ ਸਮੇਂ ਹੁੰਦਾ ਹੈ ਤੇ ਫਿਰ ਦੁਬਾਰਾ ਤਿੰਨ ਹਫਤਿਆਂ ਬਾਦ ਕੀਤਾ ਜਾਂਦਾ ਹੈ। ਟੈਸਟ ਦੇ ਨਤੀਜੇ 2-5 ਦਿਨਾਂ ਵਿਚ ਆ ਜਾਂਦੇ ਹਨ।



**ਕੀ ਮੈਂ ਟੈਸਟ ਦੇ ਨਤੀਜੇ ਆਉਣ ਤਕ ਅਪਣੀ "ਘਰੇਲੂ ਯੂਨਿਟ " ਨਾਲ ਡਾਇਲਿਸਸ ਕਰ ਸਕਦਾ ਹਾਂ?**
ਇੰਤਜ਼ਾਰ ਦੌਰਾਨ, ਤੁਹਾਨੂੰ "ਸਪਰਸ਼ ਸਾਵਧਾਨੀ" ਤੇ ਰਖਿਆ ਜਾਂਦਾ ਹੈ, ਵਖਰੇ ਕਮਰੇ ਵਿਚ ਡਾਇਲਿਸਸ ਜਾਂ ਡਾਇਲਿਸਸ ਕੇਂਦਰ ਦੇ ਅਲਗ ਸਥਾਨ ਤੇ ਰਖਿਆ ਜਾਂਦਾ ਹੈ ਤੇ ਅਪਣਾ ਵੱਖਰਾ ਟੌਇਲਿਟ ਵਰਤਣ (ਜਾਂ ਬਾਥਰੂਮ ਜਾਣ ਵੇਲੇ ਵਿਸ਼ੇਸ਼ ਹਦਾਇਤਾਂ ਦੱਸੀਆਂ ਜਾਂਦੀਆਂ ਹਨ) ਲਈ ਕਿਹਾ ਜਾਂਦਾ ਹੈ। ਬਹੁਤੀਆਂ ਡਾਇਲਿਸਸ ਯੂਨਿਟਾਂ ਇਹਨਾਂ ਲੋੜਾਂ ਦੀ ਪੂਰਤੀ ਕਰਦੀਆਂ ਹਨ

Provincial Health Services Authority · BC Children's Hospital · fraserhealth · Interior Health · island health · northern health · Providence Health Care · Vancouver Coastal Health

ਪਰ ਸਾਰੀਆਂ ਨਹੀਂ।ਤੁਹਾਡੀਆਂ ਵਿਸ਼ੇਸ਼ ਲੋੜਾਂ ਅਤੇ ਤੁਹਾਡੀ ਡਾਇਲਿਸਸ ਯੂਨਿਟ ਦੀਆਂ ਸਹੂਲਤਾਂ ਅਨੁਸਾਰ ਕਈ ਮਰੀਜ਼ਾਂ ਨੂੰ  ਕਿਸੇ ਹੋਰ ਯੂਨਿਟ ਵਿਚ ਜਾਣਾ ਪੈ ਸਕਦਾ ਹੈ। **ਇਸ ਦਾ ਮਤਲਬ ਹੋ ਸਕਦਾ ਹੈ ਕਿ ਤੁਹਾਨੂੰ ਕਿਸੇ ਦੂਜੇ ਸ਼ਹਿਰ ਜਾਣਾ ਪਵੇ।** ਜੇ ਤੁਹਾਡੇ ਕੋਈ ਸਵਾਲ ਹਨ ਤਾਂ ਕਿਰਪਾ ਕਰਕੇ ਅਪਣੀ ਨਰਸ ਨਾਲ ਗਲ ਕਰੋ।



**ਜੇ ਟੈਸਟ ਵਿਚ  ਮੈਨੂੰ ਸੀਪੀਓ ਹੋਵੇ, ਫਿਰ?**

ਜੇ ਟੈਸਟ ਵਿਚ  ਤੁਹਾਨੂੰ ਸੀਪੀਓ ਹੋਵੇ, ਤਾਂ ਫਿਰ ਉਹੀ ਸਾਵਧਾਨੀਆਂ ਜਾਰੀ ਰਹਿਣਗੀਆਂ ਜਦੋਂ ਤਕ ਤੁਸੀਂ ਡਾਇਲਿਸਸ ਤੇ ਹੋ। ਜੇ ਤੁਹਾਡੀ "ਘਰੇਲੂ ਯੂਨਿਟ" ਵਿਚ ਇਹ ਸੰਭਵ ਨਹੀਂ **ਇਸ ਦਾ ਮਤਲਬ ਹੋ ਸਕਦਾ ਹੈ ਤਾਂ ਤੁਹਾਨੂੰ ਪੱਕੇ ਤੌਰ ਤੇ ਕਿਸੇ ਹੋਰ ਸ਼ਹਿਰ ਦੀ ਡਾਇਲਿਸਸ ਯੂਨਿਟ ਵਿਚ ਭੇਜਿਆ ਜਾਵੇਗਾ**।ਤੁਹਾਡੀ ਸਿਹਤ ਸੰਭਾਲ ਟੀਮ ਤੁਹਾਡੇ ਨਾਲ ਕੰਮ ਕਰੇਗੀ ਜਿਸ ਨਾਲ ਤੁਹਾਨੂੰ ਘਟ ਤਕਲੀਫ ਹੋਵੇ।ਜੇ ਤੁਹਾਡੇ ਕੋਈ ਸਵਾਲ ਹਨ ਤਾਂ ਕਿਰਪਾ ਕਰਕੇ ਅਪਣੀ ਨਰਸ ਨਾਲ ਗਲ ਕਰੋ।

**ਜੇ ਟੈਸਟ ਵਿਚ  ਮੈਨੂੰ ਸੀਪੀਓ ਹੋਵੇ, ਫਿਰ ਮੈਨੂੰ ਇਲਾਜ ਦੀ ਲੋੜ ਪਵੇਗੀ?**

ਜੇ ਤੁਹਾਨੂੰ ਇਨਫੈਕਸ਼ਨ ਨਹੀਂ ਹੈ ਤਾਂ ਤੁਹਾਨੂੰ ਇਲਾਜ ਦੀ ਲੋੜ ਨਹੀਂ ਪਰ ਤੁਹਾਨੂੰ **"ਵੱਖਰੇ"** ਕਰ ਦਿਤਾ ਜਾਵੇਗਾ।


ਜੇ ਤੁਹਾਨੂੰ ਇਨਫੈਕਸ਼ਨ ਹੈ ਤਾਂ ਤੁਹਾਨੂੰ ਖਾਸ ਐਂਟੀਬਾਇਓਟਿਕ ਦਵਾਈਆਂ ਦਿਤੀਆਂ ਜਾਣਗੀਆਂ ਜੋ ਇਹਨਾਂ ਬੈਕਟੀਰੀਆਂ ਤੇ ਅਸਰ ਕਰਦੀਆਂ ਹਨ।

**ਜੇ ਟੈਸਟ ਵਿਚ  ਮੈਨੂੰ ਸੀਪੀਓ ਹੋਵੇ (ਪਰ ਮੈਨੂੰ ਇਨਫੈਕਸ਼ਨ ਨਾ ਹੋਵੇ) ਕੀ ਮੈਂ ਸੀਪੀਓ ਦੂਜਿਆਂ ਤਕ ਫੈਲਾਉਣ ਤੋਂ ਰੋਕ ਸਕਦਾ ਹਾਂ?**

ਸੀਪੀਓ ਇਕ ਵਿਅਕਤੀ ਤੋਂ ਦੂਜੇ ਵਿਅਕਤੀ ਤਕ ਛੋਹ ਰਾਹੀਂ ਫੈਲਦਾ ਹੈ ਜੇ ਹੱਥ ਚੰਗੀ ਤਰਾਂ ਨਿਯਮਿਤ ਸਾਫ ਨਹੀਂ ਕੀਤੇ ਜਾਂਦੇ।



ਅਪਣੇ ਹੱਥ ਹਮੇਸ਼ਾ ਚੰਗੀ ਤਰਾਂ ਸਾਬਣ ਤੇ ਪਾਣੀ ਨਾਲ ਧੋਵੋ, ਅਲਕੋਹਲ ਰਬ ਜਾਂ ਗਿੱਲੇ ਟਿਸ਼ੂ, ਟੌਇਲਿਟ ਵਰਤਣ ਤੋਂ ਪਹਿਲਾਂ ਤੇ ਬਾਦ ਅਤੇ ਖਾਣਾ ਖਾਣ ਤੋਂ ਪਹਿਲਾਂ ਤੇ ਬਾਦ, ਤੇ ਕੋਈ ਵੀ ਖਾਣ ਜਾਂ ਪੀਣ ਵਾਲੀ ਚੀਜ਼ ਮੂੰਹ ਵਿਚ ਪਾਓਣ ਤੋਂ ਪਹਿਲਾਂ ਤੇ ਬਾਦ। ਡਾਇਲਿਸਸ ਯੂਨਿਟ ਵਿਚ ਜਾਣ ਤੋਂ ਪਹਿਲਾਂ ਤੇ ਬਾਦ ਹੱਥ ਸਾਫ ਕਰੋ।





ਡਾਇਲਿਸਸ ਯੂਨਿਟ ਵਿਚ ਜਾਣ ਸਮੇਂ ਸੀਪੀਓ ਫੈਲਣ ਤੋਂ ਰੋਕਣ ਲਈ ਇਹ ਗਲਾਂ ਮਦਦ ਕਰਦੀਆਂ ਹਨ:

- ਤੁਹਾਨੂੰ ਦਸੇ ਗਏ ਟੌਇਲਿਟ ਹੀ ਵਰਤੋ। ਹਸਪਤਾਲ ਦੇ ਜਾਂ ਡਾਇਲਿਸਸ ਯੂਨਿਟ ਦੇ ਜਨਤਕ ਟੌਇਲਿਟ ਨਾ ਵਰਤੋ।
- ਪਰਿਵਾਰ ਤੇ ਮਿਲਣ ਵਾਲੇ ਤੁਹਾਡੇ ਡਾਇਲਿਸਸ ਸਥਾਨ ਤੇ ਆਓਣ ਸਮੇਂ ਹੱਥ ਜ਼ਰੂਰ ਸਾਫ ਕਰਨ।ਜੇ ਬਾਥਰੂਮ ਜਾਣ ਸਮੇਂ ਉਹ ਤੁਹਾਡੀ ਮਦਦ ਕਰਦੇ ਹਨ ਤਾਂ ਉਹਨਾਂ ਨੂੰ ਦਸਤਾਨੇ ਤੇ ਗਾਊਨ ਜ਼ਰੂਰ ਪਹਿਨਣੇ ਚਾਹੀਦੇ ਹਨ।
- ਸਿਹਤ ਕਾਮਿਆਂ ਨੂੰ ਵਸਤੂਆਂ, ਸਥਾਨ, ਮਸ਼ੀਨਾਂ ਜਾਂ ਡਾਇਲਿਸਸ ਖੇਤਰ ਨੂੰ ਛੂਹਣ ਤੋਂ ਪਹਿਲਾਂ ਦਸਤਾਨੇ ਤੇ ਗਾਊਨ ਜ਼ਰੂਰ ਪਹਿਨਣੇ ਚਾਹੀਦੇ ਹਨ।

## ਘਰ ਵਿਚ ਸੀਪੀਓ ਫੈਲਣ ਤੋਂ ਰੋਕਣ ਲਈ ਇਹ ਕੰਮ ਕਰੋ



- ਅਪਣੇ ਹੱਥ ਹਮੇਸ਼ਾਂ ਸਾਫ ਕਰੋ, ਵਿਸ਼ੇਸ ਤੌਰ ਤੇ ਬਾਥਰੂਮ ਜਾਣ ਤੋਂ ਬਾਦ, ਇਨਫੈਕਸ਼ਨ ਵਾਲੇ ਸਥਾਨ ਨੂੰ ਛੋਹਣ ਤੋਂ ਬਾਦ ਤੇ ਖਾਣਾ ਬਨਾਉਣ ਤੇ ਖਾਣ ਤੋਂ ਪਹਿਲਾਂ ਤੇ ਬਾਦ। ਤੁਹਾਡੇ ਨਾਲ ਰਹਿਣ ਵਾਲੇ ਵਿਅਕਤੀਆਂ ਨੂੰ ਵੀ ਹੱਥ ਸਾਫ ਕਰਨੇ ਚਾਹੀਦੇ ਹਨ।




- ਨਿਜੀ ਵਸਤੂਆਂ ਜਿਵੇਂ ਤੌਲੀਏ ਦੰਦਾਂ ਵਾਲੇ ਬੁਰਸ਼ ਜਾਂ ਸਾਬਣ ਕਿਸੇ ਨਾਲ ਸਾਂਝਾ ਨਾ ਕਰੋ।




- ਬਾਥਰੂਮ ਤੇ ਬਹੁਤਾ ਹੱਥ ਲਗਣ ਵਾਲੀਆਂ ਥਾਵਾਂ ਜਿਵੇ ਸਵਿੱਚਾਂ, ਟੂਟੀਆਂ, ਟੌਇਲਿਟ ਹੈਂਡਲ ਨੂੰ ਦਿਨ ਵਿਚ ਇਕ ਵਾਰ ਜ਼ਰੂਰ ਸਾਫ ਕਰੋ। ਕੋਈ ਵਿਸ਼ੇਸ਼ ਸਫਾਈ ਮਟੀਰੀਅਲ ਦੀ ਜ਼ਰੂਰਤ ਨਹੀ।



- ਪੋਚੇ ਵਾਲੇ ਕਪੜੇ ਹਰ ਵਰਤੋਂ ਦੇ ਬਾਦ ਧੋਵੋ।



- ਕਪੜੇ ਆਮ ਤਰੀਕੇ ਹੀ ਧੋਵੋ।



- ਜ਼ਖਮਾਂ ਨੂੰ ਸਾਫ ਪੱਟੀ ਜਾਂ ਬੈਂਡ ਏਡ ਨਾਲ ਢਕੋ।



ਜੇ ਤੁਸੀਂ ਐਮਰਜੈਂਸੀ ਡੀਪਾਰਟਮੈਂਟ ਵਿਚ ਜਾਣਾ ਹੈ ਜਾਂ ਹਸਪਤਾਲ ਜਾਂ ਸਰਜਰੀ ਲਈ ਜਾਣਾ ਹੈ ਤਾਂ ਸਿਹਤ ਕਾਮੇ ਨੂੰ ਕਿਰਪਾ ਦਸੋ ਕਿ ਤੁਸੀਂ ਸੀਪੀਓ ਪਾਜ਼ਿਟਵ ਹੋ।

**ਰੈਫਰੈਂਸ**


1. ਸੀਪੀਓ ਬਾਰੇ ਪਿਕਨੈਟ ਵੈਬ ਸਾਈਟ www.picnet.ca/surveillance/cpo/
2. ਬੀਸੀ ਸੈਂਟਰ ਫਾਰ ਡਿਜ਼ੀਜ਼ ਕੰਟਰੋਲ, ਪੀਐਚਐਸ ਏ ਲੈਬੌਟਰੀਜ਼, ਬੀ ਸੀ ਮਨਿਸਟਰੀ ਆਫ ਹੈਲਥ, ਸੀ ਪੀ ਓ ਫੈਕਟ ਸ਼ੀਟ, www.bccdc.ca/resource-gallery/Documents/Educational%20 Materials/Epid/other/CPOBacteriainBC_factsheet_fev7_2014.pdf
3. ਹੈਲਥਲਿੰਕਬੀਸੀ.ਸੀਪੀਓ,ਫਾਈਲ120,www.healthlinkbc.ca/healthlink bc-files/carbapenemase-producing-organisms-cpo
4. ਪਰੋਵੀਡੈਂਸ ਹੈਲਥ ਕੇਅਰ, ਸੀਪੀਓ ਫੈਕਟ ਸ਼ੀਟ ਫਾਰ ਪੇਸ਼ੈਂਟਸ ਐਂਡ ਫੈਮਿਲੀਜ਼, ਅਪਰੈਲ 2018
5. ਵੈਨਕੂਵਰ ਕੋਸਟਲ ਹੈਲਥ, ਸੀਪੀਓ ਫੈਕਟ ਸ਼ੀਟ ਫਾਰ ਪੇਸ਼ੈਂਟਸ ਐਂਡ ਫੈਮਿਲੀਜ਼ (ਐਕਿਊਟ ਕੇਅਰ) ਜੂਨ 2016